[This question paper contains 2 printed pages.]

**Your Roll No...............**

| | | | |
|---|---|---|---|
| **Sr. No. of Question Paper** | : | **730** | **A** |
| Unique Paper Code | : | 52121414 | |
| Name of the Paper | : | Medieval Narrative Poetry, Auto-Biography and Functional Punjabi (Core MIL) | |
| Name of the Course | : | **B.Com (P)** | |
| Semester | : | IV | |

Duration : 3 Hours | Maximum Marks : 75

**Instructions for Candidates**

1. Write your Roll No. on the top immediately on receipt of this question paper.
2. All questions are compulsory.

**ਨੋਟ: ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਹੇਠ ਦਿੱਤੇ ਪ੍ਰਸ਼ਨਾਂ ਵਿਚੋਂ ਕੋਈ ਤਿੰਨ ਦੇ ਉੱਤਰ ਦਿਓ: (5X3=15)

   ੳ. ਮੰਗਲਾਚਰਨ ਤੋਂ ਕੀ ਭਾਵ ਹੈ?

   ਅ. ਕਿੱਸਾ ਅਤੇ ਵਾਰ ਵਿਚ ਕੀ ਅੰਤਰ ਹੈ?

   ੲ. ਮਿਰਜ਼ੇ ਦੀ ਮੌਤ ਦਾ ਕੀ ਕਾਰਨ ਸੀ?

   ਸ. ਸੱਸੀ ਪੁਨੂੰ ਕਿੱਸੇ ਵਿਚ ਹੋਣੀ ਦੀ ਕੀ ਭੂਮਿਕਾ ਹੈ?

2. ਹੇਠ ਦਿੱਤੇ ਕਿਸੇ ਇਕ ਕਾਵਿ ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: 10

   ਜੰਗ ਹਿੰਦ ਪੰਜਾਬ ਦਾ ਹੋਣ ਲਗਾ, ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।
   ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।
   ਘੋੜੇ ਆਦਮੀ ਗੋਲਿਆਂ ਨਾਲ ਉੱਡਣ, ਹਾਥੀ ਢਹਿੰਦੇ ਸਣੇ ਅੰਬਾਰੀਆਂ ਨੀ।
   ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

P.T.O.

ਜਾਂ

ਸਾਹਿਬਾ ਗਈ ਤੇਲ ਨੂੰ, ਗਈ ਪਸਾਰੀ ਦੀ ਹੱਟ,
ਫੜ ਨਾ ਜਾਣੇ ਤੱਕੜੀ, ਹਾੜ ਨਾ ਜਾਣੇ ਵੱਟ।
ਥੇਲ ਤੁਲਾਵੇ ਭੁੱਲਾ ਬਾਣੀਆ, ਦਿਤਾ ਸ਼ਹਿਤ ਉਲੱਟ,
ਵਣਜ ਗਵਾ ਲੈ ਬਾਣੀਆ, ਬਲਦ ਗੰਵਾਇ ਜੱਟ।
ਤਿੰਨ ਸੈ ਨਾਂਗਾ ਪਿੜ ਰਿਹਾ, ਹੋ ਗਈ ਚੌੜ ਚਪੱਟ,
ਮਿਰਜ਼ਾ ਸਾਹਿਬਾ ਦੀ ਦੋਸਤੀ, ਰਹੂ ਵਿਚ ਜਗਤ।

3. ਬਚਿੰਤ ਕੌਰ ਦੀ ਸਵੈ-ਜੀਵਨੀ 'ਪਗਡੰਡੀਆਂ' ਨੂੰ ਇਕ ਸਵੈਜੀਵਨੀ ਦੇ ਤੌਰ ਤੇ ਪਰਖੋ। 15

ਜਾਂ

'ਪਗਡੰਡੀਆਂ' ਦੇ ਆਧਾਰ 'ਤੇ ਬਚਿੰਤ ਕੌਰ ਦੀ ਭਾਸ਼ਾ ਸ਼ੈਲੀ ਬਾਰੇ ਚਰਚਾ ਕਰੋ।

4. 'ਕੂੜਾ ਸੌਦਾ' ਜਾਂ 'ਭੰਡਾ ਭੰਡਾਰੀਆ ਕਿਤਨਾ ਕੁ ਭਾਰ' ਵਿਚੋਂ ਕਿਸੇ ਇਕ ਅਧਿਆਇ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। 10

5. ਸ਼ਬਦ ਸ਼ਕਤੀ ਤੋਂ ਕੀ ਭਾਵ ਹੈ? ਵਿਅੰਜਨਾ ਸ਼ਬਦ ਸ਼ਕਤੀ ਉੱਤੇ ਵਿਸਥਾਰ ਨਾਲ ਚਰਚਾ ਕਰੋ। 10

ਜਾਂ

ਅਭਿਧਾ ਤੇ ਲੱਖਣਾ ਸ਼ਬਦ ਸ਼ਕਤੀਆਂ ਉਤੇ ਵਿਸਤ੍ਰਿਤ ਨੋਟ ਲਿਖੋ।

6. ਕਾਰਕ ਦੀ ਪਰਿਭਾਸ਼ਾ ਦਿੰਦਿਆਂ ਉਸ ਦੀਆਂ ਕਿਸਮਾਂ ਨੂੰ ਚਰਚਾ ਦਾ ਵਿਸ਼ਾ ਬਣਾਓ। 10

7. ਪੰਜਾਬੀ ਦੀਆਂ ਸਵਰ ਜਾਂ ਵਿਅੰਜਨ ਧੁਨੀਆਂ ਦੇ ਉਦਾਹਰਣ ਦੇ ਕੇ ਲਿਖੋ। 5